ਕੌਂਸਲਰ ਹਰਵਿੰਦਰ ਕੌਰ ਦੀ ਅਗਵਾਈ ਹੇਠ ਮਨਾਇਆ ਮਹਿਲਾ ਦਿਵਸ

ਮੁੱਖ ਮਹਿਮਾਨ ਵਜੋਂ ਪਹੁੰਚੇ ਮੈਡਮ ਪੂਨਮ ਕਾਂਗੜਾ ਦਾ ਕੀਤਾ ਵਿਸ਼ੇਸ਼ ਸਨਮਾਨ

ਆਜ਼ਾਦ ਸੋਚ, ਸੰਗਰੂਰ, 8 ਮਾਰਚ:

ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਸਬੰਧੀ ਕੌਂਸਲਰ ਹਰਵਿੰਦਰ ਕੌਰ ਦੀ ਅਗਵਾਈ ਹੇਠ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਸ਼ਾਮਿਲ ਹੋਏ ।ਇਸ ਮੌਕੇ ਸੰਬੋਧਨ ਕਰਦਿਆਂ ਹਰਵਿੰਦਰ ਕੌਰ ਨੇ ਕਿਹਾ ਕਿ ਮੈਡਮ ਪੂਨਮ ਕਾਂਗੜਾ ਇੱਕ ਉਹ ਦਲੇਰ ਤੇ ਸਰਗਰਮ ਮਹਿਲਾ ਹਨ ਜਿਨ੍ਹਾਂ ਨੇ ਸੰਗਰੂਰ ਹੀ ਨਹੀਂ ਬਲਕਿ ਪੰਜਾਬ ਭਰ ਵਿੱਚ ਅਨੇਕਾਂ ਮਹਿਲਾਵਾਂ ਨੂੰ ਇਨਸਾਫ ਦਿਲਾਇਆ ਹੈ। ਮੈਡਮ ਪੂਨਮ ਕਾਂਗੜਾ ਨੂੰ ਪੰਜਾਬ ਦੀਆਂ ਮਹਿਲਾਵਾਂ ਇੱਕ ਇਨਸਾਫ ਦੀ ਕਿਰਨ ਵਜੋਂ ਦੇਖਦਿਆਂ ਹਨ ਅਜਿਹੀ ਬਹਾਦਰ ਮਹਿਲਾ ਤੇ ਸਾਨੂੰ ਮਾਣ ਹੈ। ਮੈਡਮ ਪੂਨਮ ਕਾਂਗੜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਮਹਿਲਾਵਾਂ ਹਰ ਖੇਤਰ ਵਿੱਚ ਬੜੀ ਤੇਜੀ ਨਾਲ ਅੱਗੇ ਵਧ ਰਹੀਆਂ ਹਨ। ਮੈਡਮ ਪੂਨਮ ਕਾਂਗੜਾ ਨੇ ਕਿਹਾ ਕਿ ਭਾਰਤੀ ਸਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਵੱਲੋਂ ਦਿਲਾਏ ਅਧਿਕਾਰਾਂ ਸਦਕਾ ਅੱਜ ਔਰਤ ਰਾਸ਼ਟਰਪਤੀ, ਮੁੱਖ ਮੰਤਰੀ, ਮੰਤਰੀ, ਐਮ ਪੀ ਤੇ ਵਿਧਾਇਕ ਤੋਂ ਇਲਾਵਾ ਆਈ ਏਐਸ ,ਆਈ ਪੀਐਸ, ਪੀਸੀਐਸ, ਜੱਜ, ਵਕੀਲ , ਡਾਕਟਰ , ਪੁਲਿਸ , ਅਧਿਆਪਕ ਸਣੇ ਹਰ ਇੱਕ ਚੇਅਰ ਤੇ ਵਿਰਾਜ ਮਾਨ ਹੈ। ਉਨ੍ਹਾਂ ਕਿਹਾ ਕਿ ਔਰਤ ਤੋਂ ਬਿਨਾਂ ਮਨੁੱਖੀ ਸਮਾਜ ਵੀ ਬਿਲਕੁਲ ਅਧੂਰਾ ਹੈ। ਖਾਸ ਕਰਕੇ ਘਰ ਪਰਿਵਾਰ ਅਤੇ ਸਮਾਜ ਦਾ ਸੰਕਲਪ ਔਰਤ ਦੀ ਹੋਂਦ ਨਾਲ ਹੀ ਕਾਇਮ ਹੈ। ਪਰ ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਦੇਸ਼ ਚ ਔਰਤਾਂ ਅਤੇ ਮਰਦਾਂ ਦੀ ਗਿਣਤੀ ਲਗਭਗ ਬਰਾਬਰ ਹੋਣ ਦੇ ਬਾਵਜੂਦ ਔਰਤਾਂ ਵਿਰੁੱਧ ਸਭ ਤੋਂ ਵੱਧ ਜਬਰ ਜੁਲਮ ਅਤੇ ਬੇਇਨਸਾਫੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਮੈਡਮ ਪੂਨਮ ਕਾਂਗੜਾ ਨੇ ਕਿਹਾ ਕਿ ਇੱਕ ਸਾਲ ਦੀ ਬੱਚੀ ਤੋਂ ਲੈ ਕੇ 70 ਸਾਲ ਦੀ ਬਜ਼ੁਰਗ ਔਰਤ ਤੱਕ ਨਾਲ ਜਬਰ - ਜਨਾਹ, ਭਰੂਣ ਹੱਤਿਆ, ਦਾਜ ਪਿੱਛੇ ਜਿਊਂਦੇ ਸਾੜਨਾ ਘਰਾਂ ਚ ਹੁੰਦੀ ਕੁੱਟਮਾਰ ਗਾਲੀ ਗਲੋਚ, ਵੇਸ਼ਵਾਗਮਨੀ ਤਸੀਹੇ ਦੇ ਕੇ ਘਰੋਂ ਕੱਢਣਾ ਖੁਦਕੁਸ਼ੀ ਲਈ ਮਜਬੂਰ ਕਰਨਾ ਤੇਜਾਬ ਸੁੱਟਣਾ ਦਫਤਰਾਂ ਬਾਜ਼ਾਰਾਂ ਚ ਛੇੜਖਾਨੀ ਅਤੇ ਅਗਵਾ ਕਰਨ ਆਦਿ ਅਪਰਾਧਿਕ ਘਟਨਾਵਾਂ ਸਮੁੱਚੇ ਔਰਤ ਵਰਗ ਲਈ ਖਤਰਨਾਕ ਅਤੇ ਭਾਰਤੀ ਸਮਾਜ ਲਈ ਕਲੰਕ ਬਣ ਚੁੱਕੀਆਂ ਹਨ। ਉਨਾਂ ਕਿਹਾ ਕਿ ਸਵੇਰ ਤੋਂ ਰਾਤ ਤੱਕ ਅਤੇ ਆਪਣੀ ਸਾਰੀ ਜ਼ਿੰਦਗੀ ਪਰਿਵਾਰ ਦੇ ਲੇਖੇ ਲਾਉਣ ਵਾਲੀ ਔਰਤ ਨਾਲ ਅਜਿਹੀਆਂ ਅਣਮਨੁੱਖੀ ਘਟਨਾਵਾਂ ਰੋਜਾਨਾ ਪੜ, ਵੇਖ, ਤੇ ਸੁਣ ਕੇ ਕਈ ਵਾਰ ਇੰਝ ਲੱਗਦਾ ਹੈ ਕਿ ਜਿਵੇਂ ਅਸੀਂ ਕਿਸੇ ਜੰਗਲ ਰਾਜ ਚ ਰਹਿ ਰਹੀ ਹੋਈਏ ਜਾਹਿਰ ਹੈ ਕਿ ਸਰਕਾਰਾਂ ਅਤੇ ਸੰਸਥਾਵਾਂ ਵੱਲੋਂ ਹਰ ਸਾਲ 8 ਮਾਰਚ ਦਾ ਕੌਮਾਂਤਰੀ ਔਰਤ ਦਿਵਸ ਮਨਾ ਕੇ ਇੱਕ ਰਸਮ ਹੀ ਨਿਭਾਈ ਜਾਂਦੀ ਹੈ। ਮੈਡਮ ਪੂਨਮ ਕਾਂਗੜਾ ਨੇ ਕਿਹਾ ਕਿ ਅਜਿਹੇ ਜ਼ੁਲਮ ਰੋਕਣ ਲਈ ਅਤੇ ਇਸ ਦੇ ਖਿਲਾਫ ਆਵਾਜ਼ ਬੁਲੰਦ ਕਰਨ ਲਈ ਖੁਦ ਮਹਿਲਾਵਾਂ ਨੂੰ ਹੀ ਅੱਗੇ ਆਉਣਾ ਪਵੇਗਾ ਤਾਂ ਹੀ ਮਹਿਲਾਵਾਂ ਸੁਰੱਖਿਤ ਹੋ ਸਕਦੀਆਂ ਹਨ। ਮੈਡਮ ਪੂਨਮ ਕਾਂਗੜਾ ਨੇ ਅੱਜ ਅੰਤਰਰਾਸ਼ਟਰੀ ਦਿਵਸ ਦੀਆਂ ਸਮੂਹ ਮਹਿਲਾਵਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਆਪਣੀਆਂ ਹੋਰ ਜਿੰਮੇਵਾਰੀਆਂ ਦੇ ਨਾਲ ਨਾਲ ਸਮਾਜ ਅੰਦਰ ਮਹਿਲਾਵਾਂ ਪ੍ਰਤੀ ਆਵਾਜ਼ ਬੁਲੰਦ ਕਰਨ ਲਈ ਵੀ ਅੱਗੇ ਆਉਣ ਤਾਂ ਜੋ ਉਹ ਇੱਕ ਦੂਸਰੇ ਦੀ ਤਾਕਤ ਬਣ ਸਕਣ ਇਸ ਮੌਕੇ ਪ੍ਰਬੰਧਕਾਂ ਵੱਲੋਂ ਮੈਡਮ ਪੂਨਮ ਕਾਂਗੜਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ।ਇਸ ਮੌਕੇ ਵੱਡੀ ਗਿਣਤੀ ਮਹਿਲਾਵਾਂ ਸਣੇ ਛੋਟੀਆਂ ਬੱਚੀਆਂ ਵੀ ਹਾਜ਼ਰ ਸਨ।

ਬਸਤੀ ਨੱਥੂ ਵਾਲੀ ਵਿਖੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮਨਾਇਆ

ਸਮਾਜ ਅਤੇ ਦੇਸ਼ ਦੇ ਨਿਰਮਾਣ ਵਿੱਚ ਮਹਿਲਾਵਾਂ ਦਾ ਅਹਿਮ ਰੋਲ ਹੁੰਦਾ ਹੈ : ਡਾ. ਅਮਨਦੀਪ ਕੌਰ

ਆਜ਼ਾਦ ਸੋਚ, ਰਮਨਦੀਪ ਕੁੱਲਗੜ੍ਹੀ, ਫਿਰੋਜ਼ਪੁਰ, 8 ਮਾਰਚ:

ਸਮਾਜ ਅਤੇ ਦੇਸ਼ ਦੇ ਨਿਰਮਾਣ ਵਿੱਚ ਮਹਿਲਾਵਾਂ ਦਾ ਅਹਿਮ ਰੋਲ ਹੁੰਦਾ ਹੈ। ਮਹਿਲਾਵਾਂ ਮਾਂ ਦੇ ਰੂਪ ਵਿੱਚ ਬੱਚਿਆਂ ਦਾ ਪਹਿਲਾ ਗੁਰੂ ਹੁੰਦੀਆਂ ਹਨ। ਇਹ ਪ੍ਰਗਟਾਵਾ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ ਦੀ ਧਰਮ ਪਤਨੀ ਡਾ. ਅਮਨਦੀਪ ਕੌਰ ਨੇ ਬਸਤੀ ਨੱਥੂ ਵਾਲੀ ਵਿਖੇ ਅੰਤਰ-ਰਾਸ਼ਟਰੀ ਮਹਿਲਾ ਦਿਵਸ 'ਤੇ ਆਯੋਜਿਤ ਵਿਸ਼ੇਸ਼ ਸਮਾਗਮ ਦੌਰਾਨ ਕੀਤਾ। ਇਸ ਮੌਕੇ ਡਾ. ਅਮਨਦੀਪ ਕੌਰ ਨੇ ਸਮੂਹ ਮਹਿਲਾਵਾਂ ਨੂੰ ਅੰਤਰ-ਰਾਸ਼ਟਰੀ ਮਹਿਲਾ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਹਾਲਾਂਕਿ, ਦੁਨੀਆ ਭਰ ਵਿਚ ਅੱਜ ਹਰੇਕ ਖੇਤਰ ਵਿੱਚ ਮਹਿਲਾਵਾਂ ਦੀ ਸਰਗਰਮ ਭਾਗੀਦਾਰੀ ਲਗਾਤਾਰ ਵੱਧ ਰਹੀ ਹੈ। ਪਰੰਤੂ ਫਿਰ ਵੀ ਦੇਸ਼ ਦੇ ਕਈ ਪ੍ਰਾਂਤਾਂ ਵਿੱਚ ਉਨ੍ਹਾਂ ਦੀ ਭਾਗੀਦਾਰੀ ਵਿੱਚ ਸੁਧਾਰ ਦੀ ਜ਼ਰੂਰਤ ਹੈ। ਸਮਾਜ ਵਿਚੋਂ ਰੂੜੀਵਾਦੀ ਸੋਚ ਨੂੰ ਬਦਲਣ ਲਈ ਵੀ ਹੰਭਲਾ ਮਾਰਨ ਦੀ ਲੋੜ ਹੈ ਤਾਂ ਹੀ ਸਹੀ ਮਾਅਨਿਆਂ ਵਿੱਚ ਔਰਤਾਂ ਨੂੰ ਸਮਾਜ ਵਿੱਚ ਬਰਾਬਰੀ ਦਾ ਦਰਜਾ ਮਿਲ ਸਕਦਾ ਹੈ। ਉਨ੍ਹਾਂ ਕਿਹਾ ਕਿ ਦੁਨੀਆ ਭਰ ਵਿਚ ਔਰਤਾਂ ਸਿੱਖਿਆ ਦੇ ਨਾਲ-ਨਾਲ ਲਗਭਗ ਹਰ ਖੇਤਰ ਵਿਚ ਮੱਲਾ ਮਾਰ ਰਹੀਆਂ ਹਨ। ਉਨ੍ਹਾਂ ਨੇ ਆਪਣੀ ਸਖਤ ਮਿਹਨਤ ਅਤੇ ਆਤਮਵਿਸ਼ਵਾਸ ਦੇ ਜ਼ੋਰ 'ਤੇ ਹਰ ਖੇਤਰ ਵਿਚ ਮੁਹਾਰਤ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਨੂੰ ਕੇਵਲ ਇਕ ਹੀ ਦਿਨ ਨਹੀਂ ਸਗੋਂ ਸਾਰੇ ਦਿਨ ਹੀ ਸਮਰਪਿਤ ਹਨ। ਇਸ ਮੌਕੇ ਸਰਪੰਚ ਸ. ਗੁਰਮੇਜ ਸਿੰਘ ਬਸਤੀ ਨੱਥੂ ਵਾਲੀ, ਹਿਮਾਂਸ਼ੂ ਠੱਕਰ ਪੀ.ਏ., ਗੁਰਭੇਜ ਸਿੰਘ, ਸੁੱਖਵਿੰਦਰ ਸਿੰਘ ਸਰਪੰਚ ਬਸਤੀ ਖੇਮਕਰਨ, ਨਿਰਮਲਜੀਤ ਸਿੰਘ ਸਰਪੰਚ ਯੂਨੀਅਨ ਪ੍ਰਧਾਨ, ਰਣਜੀਤ ਸਿੰਘ ਸਰਪੰਚ ਬੱਗੇ ਕੇ ਪਿ੪ਲ, ਦਲਬੀਰ ਸੋਢੀ ਸਰਪੰਚ ਹਸਤੀ ਵਾਲਾ ਅਤੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਹਾਜ਼ਰ ਸਨ।

ਸੰਯੁਕਤ ਕਿਸਾਨ ਮੋਰਚਾ ਸ਼ਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਹੋਈ

ਆਜ਼ਾਦ ਸੋਚ, ਤੇਜ ਪ੍ਰਕਾਸ਼ ਖਾਸਾ, ਬਲਾਚੌਰ, 8 ਮਾਰਚ:

ਸੰਯੁਕਤ ਕਿਸਾਨ ਮੋਰਚਾ ਸ਼ਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਸੁਰਿੰਦਰ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਦਾਣਾ ਮੰਡੀ ਨਵਾਂ ਸ਼ਹਿਰ ਕੀਤੀ ਗਈ। ਜਿਸ ਵਿੱਚ 10 ਮਾਰਚ ਨੂੰ 11 ਵਜੇ ਸਵੇਰ ਤੋਂ ਲੈਕੇ ਦੁਪਹਿਰ 2 ਵਜੇ ਤੱਕ ਵਿਧਾਇਕਾਂ ਦੇ ਘਰਾਂ ਦਾ ਘਰਾਓ ਕੀਤਾ ਜਾਵੇਗਾ। ਨਵਾਂ ਸ਼ਹਿਰ ਤੋਂ ਵਿਧਾਇਕ ਡਾਕਟਰ ਨਛੱਤਰ ਪਾਲ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹੋਣ ਕਾਰਨ ਉਹਨਾਂ ਦੇ ਘਰ ਦਾ ਘਿਰਾਓ ਨਹੀਂ ਕੀਤਾ ਜਾਵੇਗਾ। ਬੰਗਾ ਤੋਂ ਵਿਧਾਇਕ ਡਾਕਟਰ ਸੁਖਵਿੰਦਰ ਸਿੰਘ ਸੁੱਖੀ ਜੋ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸਨ ਹਾਲ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ ਇਸ ਲਈ ਉਹਨਾਂ ਦੇ ਘਰ ਦਾ ਘਰਾਓ ਕੀਤਾ ਜਾਵੇਗਾ, ਬਲਾਚੌਰ ਐਮਐਲਏ ਸੰਤੋਸ਼ ਕਟਾਰੀਆ ਦੇ ਭਰਾ ਦੀ ਮੌਤ ਹੋਣ ਕਾਰਨ ਉਹਨਾਂ ਦੇ ਘਰ ਦਾ ਘਰਾਓ ਨਹੀਂ ਕੀਤਾ ਜਾਵੇਗਾ। ਐਸਡੀਐਮ ਦਫਤਰ ਬਲਾਚੌਰ ਦਾ ਘਰਾਓ ਕੀਤਾ ਜਾਵੇਗਾ। ਨਵਾਂ ਸ਼ਹਿਰ ਜਿਲੇ ਵਿੱਚ ਦੋ ਜਗ੍ਹਾ ਕਿਸਾਨ ਜਥੇਬੰਦੀਆਂ ਵੱਲੋਂ ਮੋਰਚੇ ਲਗਾਏ ਜਾਣਗੇ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਨੇ ਹਿੱਸਾ ਲਿਆ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਤੋਂ ਜਿਲ੍ਹਾ ਪ੍ਰੈਸ ਸਕੱਤਰ ਕੁਲਵਿੰਦਰ ਸਰਪੰਚ ਪਰਾਗਪੁਰ, ਤਰਸੇਮ ਸਿੰਘ ਬੈਂਸ, ਸੁਰਿੰਦਰ ਸਿੰਘ ਮਹਿਰਮਪੁਰ, ਬਲਵੀਰ ਸਿੰਘ ਸੋਖੇ, ਚਰਨਜੀਤ ਸਿੰਘ ਦੌਲਤਪੁਰ, ਰਾਮ ਜੀ ਦਾਸ ਸਣਵਾਂ, ਬਿਕਰ ਸਿੰਘ ਸੋਖੇ, ਸ਼ੇਰ ਸਿੰਘ ਬੁਰਜ, ਬਾਰਾ ਰਾਮ ਬੁਰਜ, ਜੀਵਨ, ਕਸ਼ਮੀਰ ਸਿੰਘ ਬੇਗੋਵਾਲ, ਭੁਪਿੰਦਰ ਸਿੰਘ ਬੜੇਚ, ਚਰਨਜੀਤ ਸਿੰਘ, ਕਰਨੈਲ ਸਿੰਘ, ਗੁਰਦੇਵ ਸਿੰਘ ਚੂਹੜਪੁਰ ਕਿਸਾਨ ਆਗੂ ਹਾਜ਼ਰ ਹੋਏ।

15ਵੇਂ ਦੋ ਰੋਜ਼ਾ ਖੂਨਦਾਨ ਕੈਂਪ ਦਾ ਪੋਸਟਰ ਜਾਰੀ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 8 ਮਾਰਚ :

ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੀ ਆਮਦ ਤੇ ਹਰ ਸਾਲ ਦੀ ਤਰ੍ਹਾਂ ਇਲਾਕੇ ਦੀ ਨਾਮਵਰ ਸੰਸਥਾ ਲੋਕ ਸੇਵਾ ਸਹਾਰਾ ਕਲੱਬ ਵੱਲੋਂ 15 ਤੇ 16 ਮਾਰਚ ਨੂੰ ਦੋ ਰੋਜ਼ਾ ਵਿਸ਼ੇਸ਼ ਖੂਨ ਦਾਨ ਕੈਂਪ ਅਯੋਜਨ ਕੀਤਾ ਜਾ ਰਿਹਾ ਹੈ ਜਿਸ ਦਾ ਅੱਜ ਪੋਸਟਰ ਜਾਰੀ ਕੀਤਾ ਗਿਆ । ਇਸ ਕਾਰਜ ਦੀ ਜਾਣਕਾਰੀ ਸੰਸਥਾ ਦੇ ਮੁਖੀ ਸਮਾਜ ਸੇਵੀ ਜਸਵਿੰਦਰ ਸ਼ਰਮਾ ਅਤੇ ਚੇਅਰਮੈਨ ਚਮਕੌਰ ਸਿੰਘ ਸ਼ਾਹਪੁਰ ਨੇ ਦਿੱਤੀ ।ਉਨ੍ਹਾਂ ਦੱਸਿਆ ਕਿ ਸਾਡੀ ਸੰਸਥਾ ਲੋਕ ਸੇਵਾ ਸਹਾਰਾ ਕਲੱਬ ਰਜਿ: ਚੀਮਾਂ ਮੰਡੀ ਪਿਛਲੇ ਢੀਹ ਸਾਲ ਤੋਂ ਇਸ ਕਾਰਜ ਨੂੰ ਸੰਗਤਾਂ ਦੇ ਅਥਾਹ ਸਹਿਯੋਗ ਨਾਲ ਨਿਰੰਤਰ ਨਿਭਾਇਆ ਜਾ ਰਿਹਾ ਹੈ ਅਤੇ ਹਮੇਸ਼ਾ ਨਿਭਾਉਣ ਦੀ ਕੋਸ਼ਿਸ਼ ਰਹੇਗੀ। ਉਹਨਾਂ ਦੱਸਿਆ ਕਿ ਸੰਸਥਾ ਦੇ ਵੱਖ ਵੱਖ ਆਹੁਦੇਦਾਰਾਂ ਨੇ ਪਿਛਲੇ ਕਈ ਦਿਨਾਂ ਤੋਂ ਆਪੋ ਆਪਣੇ ਕੰਮਾਂ ਨੂੰ ਛੱਡ ਕੇ ਸੰਸਥਾ ਦੇ ਵੱਖ ਵੱਖ ਕਾਰਜ ਸੁਚੀਬੱਧ ਤਰੀਕੇ ਨਾਲ ਅਰੰਭ ਕੀਤਾ ਜਾ ਚੁੱਕੇ ਹਨ। ਇਸ ਮੌਕੇ ਮੀਤ ਪ੍ਰਧਾਨ ਹਰਜੀਤ ਸਿੰਘ ਬਬਲੀ ਅਤੇ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਉਪਰਾਲੇ ਨੂੰ ਮੁਬਾਰਕਬਾਦ ਦੇਣ ਲਈ 15 ਤੇ 16 ਮਾਰਚ ਨੂੰ ਵੱਡੀ ਪੱਧਰ ਤੇ ਸਮਾਜਸੇਵੀ, ਸੰਸਥਾਵਾਂ ਦੇ ਨੁਮਾਇੰਦੇ, ਪੱਤਰਕਾਰ ਭਾਈਚਾਰਾ, ਬਿਜ਼ਨਸਮੈਨ, ਡਾਕਟਰ ਸਾਹਿਬਾਨ , ਕਿਸਾਨ ਆਗੂ, ਧਾਰਮਿਕ ਆਗੂ, ਵਿਦਿਅਕ ਅਦਾਰਿਆਂ ਦੇ ਮੁਖੀ ਪਹੁੰਚ ਰਹੇ ਹਨ ਤੇ ਤਰਲੋਚਨ ਗੌਦਿਲ,ਮਨਪ੍ਰੀਤ ਵੜੈਚ ਪ੍ਰਧਾਨ ਬਲਾਕ ਕਾਂਗਰਸ ਸੁਨਾਮ ਅਤੇ ਮਨਪ੍ਰੀਤ ਸਿੰਘ ਮਨੀ ਮੀਤ ਪ੍ਰਧਾਨ ਨਗਰ ਪੰਚਾਇਤ ਚੀਮਾਂ ਨੇ ਕੈਂਪ ਵਿੱਚ ਵੱਧ ਤੋਂ ਵੱਧ ਖੂਨ ਦਾਨੀਆਂ ਨੂੰ ਪਹੁੰਚਣ ਦੀ ਅਪੀਲ ਕੀਤੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਬੱਬੂ ਚੀਮਾਂ,ਕੁਲਦੀਪ ਸਿੰਘ ਸਿੱਧੂ , ਬਲਜਿੰਦਰ ਸਿੰਘ , ਕੁਲਦੀਪ ਸਿੰਘ ਨੱਥੂ ਕਾ , ਨਿੱਕਾ ਸਿੰਘ , ਹਰਮੇਸ਼ ਸਿੰਘ , ਮਹਿੰਦਰ ਸਿੰਘ ਘਾਰੂ (ਸਾਰੇ ਐਮ ਸੀ) ਪ੍ਰਦੀਪ ਕੁਮਾਰ ਬਿੱਟੂ ਜਰਨਲ ਸਕੱਤਰ , ਗੁਰਦੀਪ ਸਿੰਘ ਦੀਪਾ , ਕੁਲਦੀਪ ਕੁਮਾਰ ਗਾਮਾ ਲੈਬ , ਡਾਕਟਰ ਚਮਕੌਰ ਸਿੰਘ ਛਾਜਲਾ , ਕੰਵਰਪਾਲ ਸਿੰਘ ਮਾਨਸ਼ਾਹੀਆ , ਗੁਰਮੀਤ ਸਿੰਘ ਲਾਡੀ , ਕਮਲਦੀਪ ਸ਼ਰਮਾ ,ਕਲਰਕ ਦਰਬਾਰਾ ਸਿੰਘ, ਗੌਰਵ ਸ਼ਰਮਾ,ਜੱਗੀ ਚੀਮਾਂ, ਬੱਬੂ ਝਾੜੋਂ ਆਦਿ ਹਾਜ਼ਰ ਸਨ ।

ਵਿਧੀ ਚੰਦ ਇੰਸਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜਾਂ ਲਈ ਦਾਨ ਕੀਤੀ

ਬਾਬਾ ਬਾਲਕ ਦਾਸ ਵੱਲੋਂ ਡੇਰਾ ਸੱਚਾ ਸੌਦਾ ਦੇ ਕੰਮਾਂ ਦੀ ਪ੍ਰਸ਼ੰਸਾ

ਆਜ਼ਾਦ ਸੋਚ, ਪਰਿਸ ਜਿੰਦਲ, ਡੀਖੀ, 8 ਮਾਰਚ :

ਸਥਾਨਕ ਵਾਰਡ ਨੰਬਰ 2 ਦੇ ਵਸਨੀਕ ਅਤੇ ਡੇਰਾ ਸੱਚਾ ਸੌਦਾ ਦੇ ਅਣਥੱਕ ਸੇਵਾਦਾਰ ਪ੍ਰੇਮੀ ਵਿਧੀ ਚੰਦ ਇੰਸਾਂ (ਮੱਤੀ ਵਾਲੇ) ਵੱਲੋਂ ਪੂਜਨੀਕ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਲਏ ਗਏ ਪ੍ਰਣ ਨੂੰ ਉਸਦੇ ਦਿਹਾਂਤ ਉਪਰੰਤ ਪੂਰਾ ਕਰਦਿਆਂ ਪਰਿਵਾਰਿਕ ਮੈਂਬਰਾਂ ਵੱਲੋਂ ਜਿੱਥੇ ਵਿਧੀ ਚੰਦ ਇੰਸਾਂ ਦੀਆਂ ਅੱਖਾਂ ਦਾਨ ਕੀਤੀਆਂ ਗਈਆਂ, ਉੱਥੇ ਉਸ ਦੀ ਮ੍ਰਿਤਕ ਦੇਹ ਮੈਡੀਕਲ ਖੋਜਾਂ ਲਈ ਸ਼ਾਹ ਸਤਿਨਾਮ ਜੀ ਗ੍ਰੀਨ ਐਸ ਵੈਲਫੇਅਰ ਕਮੇਟੀ ਦੀ ਅਗਵਾਈ ਹੇਠ ਦਾਨ ਕੀਤੀ ਗਈ ਹੈ। ਇਸ ਮੌਕੇ ਉਸ ਦੇ ਸਪੁੱਤਰ ਜਤਿੰਦਰਪਾਲ ਸਿੰਘ, ਰਾਜਵਿੰਦਰ ਕੁਮਾਰ, ਭੁਪਿੰਦਰ ਕੁਮਾਰ ਤੇ ਬੇਟੀ ਸੁਨੀਤਾ ਰਾਣੀ ਨੇ ਅਰਥੀ ਨੂੰ ਮੋਢਾ ਦਿੱਤਾ ਅਤੇ ਫੁੱਲਾਂ ਨਾਲ ਸਜਾਈ ਹੋਈ ਐਂਬੂਲੈਂਸ 'ਚ ਰੱਖਿਆ। ਸ਼ਹਿਰ ਵਿੱਚ ਕੱਢੀ ਗਈ ਅੰਤਿਮ ਯਾਤਰਾ ਵਿੱਚ ਪਰਿਵਾਰਿਕ ਮੈਂਬਰ, ਰਿਸ਼ਤੇਦਾਰ, ਪ੍ਰੇਮੀ ਸੰਮਤੀ ਦੇ ਸੇਵਾਦਾਰ, ਵੱਡੀ ਗਿਣਤੀ 'ਚ ਸਾਧ ਸੰਗਤ ਤੋਂ ਇਲਾਵਾ 85 ਮੈਂਬਰ ਪਰਮਜੀਤ ਸਿੰਘ ਇੰਸਾਂ ਨੰਗਲ, ਡਾ. ਗੁਰਪ੍ਰੀਤ ਸਿੰਘ ਇੰਸਾਂ, ਮਨਦੀਪ ਸਿੰਘ ਇੰਸਾਂ, ਭੇਣ ਮਨਜੀਤ ਇੰਸਾਂ, ਬਲਾਕ ਪ੍ਰੇਮੀ ਸੇਵਕ ਇੰਜੀ: ਲੱਖਾ ਸਿੰਘ ਇੰਸਾਂ, ਯੂਥ ਵਿੰਗ ਦੇ ਮਾ. ਲਖਵੀਰ ਸਿੰਘ ਇੰਸਾਂ ਵੀ ਸ਼ਾਮਿਲ ਹੋਏ। ਇਸ ਦੌਰਾਨ ਨੇਤਰਦਾਨੀ ਤੇ ਸਰੀਰਦਾਨੀ ਵਿਧੀ ਚੰਦ ਅਮਰ ਰਹੇ ਦੇ ਨਾਅਰੇ ਖੂਬ ਗੂੰਜੇ। ਮ੍ਰਿਤਕ ਦੇਹ ਨੂੰ ਸ੍ਰੀਮਤੀ ਮੰਜਿਰਾ ਦੇਵੀ ਆਯੁਰਵੇਦਿਕ ਮੈਡੀਕਲ ਕਾਲਜ ਰੁਕਮਣੀ ਨਗਰ ਉਤਰਕਾਸ਼ੀ ਉੱਤਰਾਖੰਡ ਵੱਲ ਰਵਾਨਾ ਕਰਨ ਲਈ ਹਰੀ ਝੰਡੀ ਦੇਣ ਉਪਰੰਤ ਬਾਬਾ ਬਾਲਕ ਦਾਸ ਨੇ ਡੇਰਾ ਸੱਚਾ ਸੌਦਾ ਦੀ ਸਾਧ ਸੰਗਤ ਵੱਲੋਂ ਮਾਨਵਤਾ ਭਲਾਈ ਦੇ ਕੀਤੇ ਜਾ ਰਹੇ ਕੰਮਾਂ ਦੀ ਖੂਬ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਧੰਨ ਨੇ ਡੇਰਾ ਸ਼ਰਧਾਲੂ